# ਰਾਸ਼ਟਰਪਤੀ ਟਰੰਪ ਦੁਆਰਾ ਕੁਝ ਪ੍ਰਮੁੱਖ ਮੁਸਲਿਮ ਦੇਸ਼ਾਂ ਦੇ ਸ਼ਰਨਾਰਥੀਆਂ ਅਤੇ ਨਾਗਰਿਕਾਂ 'ਤੇ ਯਾਤਰਾ ਪਾਬੰਦੀ

ਬੇਦਾਅਵਾ: ਇਹ ਸਲਾਹਕਾਰੀ ਦ ਲੀਗਲ ਏਡ ਸੋਸਾਇਟੀ (The Legal Aid Society), ਇਮੀਗ੍ਰੇਸ਼ਨ ਕਾਨੂੰਨ ਯੂਨਿਟ (Immigration Law Unit) ਦੁਆਰਾ ਬਣਾਈ ਗਈ ਹੈ। ਇਹ ਸਲਾਹਕਾਰੀ ਕਾਨੂੰਨੀ ਸਲਾਹ ਨਹੀਂ ਹੈ, ਅਤੇ ਇੱਕ ਇਮੀਗ੍ਰੇਸ਼ਨ ਮਾਹਰ ਦੀ ਸਲਾਹ ਲਈ ਵਿਕਲਪ ਨਹੀਂ ਹੈ।

ਜੂਨ 26, 2017 ਨੂੰ U.S. ਸੁਪਰੀਮ ਕੋਰਟ (U.S. Supreme Court) ਨੇ ਟਰੰਪ v. IRAP ਵਿੱਚ ਆਪਣਾ ਫੈਸਲਾ ਜਾਰੀ ਕਰਦਿਆਂ ਉਸ ਹੁਕਮ ਨੂੰ ਅੰਸ਼ਕ ਰੂਪ ਵਿੱਚ ਖਤਮ ਕਰ ਦਿੱਤਾ ਹੈ ਜੋ ਇਰਾਨ, ਲੀਬਿਆ, ਸੋਮਾਲਿਆ, ਸੁਡਾਨ, ਸੀਰਿਆ ਅਤੇ ਯਮਨ ਦੇ ਸ਼ਰਨਾਰਥੀਆਂ ਅਤੇ ਨਾਗਰਿਕਾਂ ਦੀ ਯਾਤਰਾ 'ਤੇ ਪਾਬੰਦੀ ਲਗਾਉਣ ਵਾਲੇ ਰਾਸ਼ਟਰਪਤੀ ਡੋਨੱਲਡ ਟਰੰਪ ਦੇ ਮਾਰਚ 6, 2017 ਦੇ ਕਾਰਜਕਾਰੀ ਹੁਕਮ ਨੂੰ ਲਾਗੂ ਹੋਣ ਤੋਂ ਰੋਕਦਾ ਸੀ।

ਦੋਨੋਂ U.S. ਡਿਪਾਰਟਮੈਂਟ ਆਫ਼ ਸਟੇਟ (U.S. Department of State) ਅਤੇ U.S. ਡਿਪਾਰਟਮੈਂਟ ਆਫ਼ ਹੋਮਲੈਂਡ ਸਿਕਓਰਟੀ (U.S. Department of Homeland Security) ਨੇ ਯਾਤਰਾ 'ਤੇ ਪਾਬੰਦੀ ਨੂੰ ਕਿਵੇਂ ਲਾਗੂ ਕੀਤਾ ਜਾਵੇਗਾ, ਬਾਰੇ ਸ਼ੁਰੂਆਤੀ ਮਾਰਗਦਰਸ਼ਨ ਜਾਰੀ ਕੀਤਾ ਹੈ। ਆਉਣ ਵਾਲੇ ਹਫ਼ਤਿਆਂ ਵਿੱਚ ਵਧੀਕ ਮਾਰਗਦਰਸ਼ਨ ਮਿਲਣ ਦੀ ਉਮੀਦ ਹੈ, ਅਤੇ ਕੁਝ ਸੰਘੀ ਅਦਾਲਤ ਮੁਕੱਦਮੇ ਪਹਿਲਾਂ ਤੋਂ ਹੀ ਸ਼ੁਰੂ ਹੋ ਗਏ ਹਨ।

**ਯਾਤਰਾ 'ਤੇ ਪਾਬੰਦੀ ਦੀ ਮੌਜੂਦਾ ਸਥਿਤੀ ਕੀ ਹੈ (ਜੂਨ 30, 2017 ਤੱਕ)** ?

- ਯਾਤਰਾ ਦੀ ਪਾਬੰਦੀ ਛੇ ਨਾਮਿਤ ਦੇਸ਼ਾਂ ਦੇ ਨਾਗਰਿਕਾਂ 'ਤੇ ਲਾਗੂ ਹੁੰਦੀ ਹੈ ਜੋ ਜੂਨ 26, 2017 ਨੂੰ U.S. ਤੋਂ ਬਾਹਰ ਸਨ, ਜਿਨ੍ਹਾਂ ਕੋਲ ਜਨਵਰੀ 27, 2017 ਨੂੰ 5:00 ਸ਼ਾਮ EST ਤੱਕ ਵੈਧ ਵੀਜਾ ਨਹੀਂ ਸੀ, ਅਤੇ ਜਿਨ੍ਹਾਂ ਕੋਲ ਜੂਨ 29, 2017 ਨੂੰ 8:00 ਸ਼ਾਮ EDT ਤੱਕ ਵੈਧ ਵੀਜਾ ਨਹੀਂ ਸੀ।
- ਯਾਤਰਾ ਦੀ ਪਾਬੰਧੀ ਉਨ੍ਹਾਂ ਛੇ ਦੇਸ਼ਾਂ ਦੇ ਨਾਗਰਿਕਾਂ 'ਤੇ ਲਾਗੂ ਨਹੀਂ ਹੋਵੇਗੀ ਜਿਨ੍ਹਾਂ ਦਾ ਯੂਨਾਈਟਿਡ ਸਟੇਟਸ ਵਿੱਚ ਕਿਸੇ ਵਿਅਕਤੀ ਜਾਂ ਸੰਸਥਾ (ਇਨਟਾਇਟੀ) ਨਾਲ ਬੋਨਾਫਾਈਡ (ਸਦਭਾਵੀ) ਸਬੰਧ ਹੈ, ਜਾਂ ਜਿਨ੍ਹਾਂ ਨੂੰ ਪਾਬੰਦੀ ਤੋਂ ਬਾਹਰ ਰੱਖਿਆ ਗਿਆ ਹੈ, ਜਾਂ ਜੋ ਛੋਟ ਲਈ ਯੋਗਤਾ ਪੂਰੀ ਕਰਦੇ ਹੋਣ।
- ਇੱਕ **ਵਿਅਕਤੀ** ਨਾਲ ਸਬੰਧ ਦਾ ਮਤਲਬ ਸਮਝਿਆ ਗਿਆ ਹੈ, ਇੱਕ ਨਜਦੀਕੀ ਪਰਿਵਾਰਕ ਸਬੰਧ।
    - ਸ਼ਾਮਲ ਕੀਤੇ ਗਏ ਸਬੰਧ: ਮਾਤਾ-ਪਿਤਾ, ਸੱਸ-ਸੋਹਰਾ, ਪਤੀ/ਪਤਨੀ, ਮੰਗੇਤਰ, ਬੱਚਾ, ਬਾਲਗ ਪੁੱਤਰ ਜਾਂ ਧੀ, ਜਵਾਈ, ਬਹੂ, ਭੈਣ-ਭਰਾ (ਭਾਵੇਂ ਸੱਕੇ, ਅੱਧੇ, ਜਾਂ ਮਤਰੇਅ)।
    - ਸ਼ਾਮਲ ਨਾ ਕੀਤੇ ਗਏ ਸਬੰਧ: ਦਾਦਾ-ਦਾਦੀ/ਨਾਨਾ-ਨਾਨੀ, ਪੋਤਾ-ਪੋਤੀ/ਦੋਹਤਾ- ਦੋਤੀ, ਮਾਸੀ/ਚਾਚੀ/ਤਾਈ/ਭੂਆ ( ਆਂਟੀਆਂ), "ਮਾਸੜ/ਚਾਚਾ/ਤਾਇਆ/ਫੁੱਫੜ (ਅੰਕਲ), ਭਤੀਜਾ/ਭਾਣਜਾ, ਭਤੀਜੀ/ਭਾਣਜੀ, ਚਚੇਰੇ ਭੈਣ-ਭਰਾ, ਸਾਲਾ/ਜੀਜਾ ਅਤੇ ਸਾਲੀ/ਭਾਬੀ, ਅਤੇ ਕੋਈ ਹੋਰ "ਫੈਲ੍ਹੇ" ਹੋਏ ਪਰਿਵਾਰ ਦਾ ਸਦੱਸ।
        - ਹਵਾਈ ਨੇ ਪਹਿਲਾਂ ਹੀ ਇਨ੍ਹਾਂ ਪਰਿਵਾਰਕ ਸਦੱਸਾਂ ਨੂੰ ਸ਼ਾਮਲ ਨਾ ਕੀਤੇ ਜਾਣ ਨੂੰ ਚੁਣੋਤੀ ਦੇਣ ਵਾਲਾ ਸੰਘੀ ਮੁਕੱਦਮਾ ਦਾਖਲ ਕੀਤਾ ਹੈ; ਅਸੀਂ ਉਸ ਮੁਕੱਦਮੇ ਵਿੱਚ ਘਟਨਾਕ੍ਰਮ ਦੀ ਉਡੀਕ ਕਰ ਰਹੇ ਹਾਂ।
    - ਸ਼ਰਨਾਰਥੀ, ਜੋ ਪਹਿਲਾਂ ਹੀ U.S. ਵਿੱਚ ਹੈ, ਦੇ/ਦੀ ਪਤੀ/ਪਤਨੀ ਅਤੇ ਬੱਚੇ, ਜੋ ਸ਼ਰਨਾਰਥੀ ਨਾਲ, "ਸ਼ਾਮਲ ਹੋਣ ਵਾਲੇ

ਹਨ", ਉਨ੍ਹਾਂ ਦੇ ਦਾਖਲੇ 'ਤੇ, ਸ਼ਰਨਾਰਥੀਆਂ 'ਤੇ ਪਾਬੰਦੀ  ਦੇ ਬਾਵਜੂਦ, ਪਾਬੰਦੀ ਨਹੀਂ ਹੋਣੀ ਚਾਹੀਦੀ ਹੈ, ਕਿਉਂਕਿ ਉਨ੍ਹਾਂ ਦਾ *ਬੋਨਾਫਾਈਡ* (ਸਦਭਾਵੀ) ਪਰਿਵਾਰਕ ਸਬੰਧ ਹੈ।

- **ਸੰਸਥਾ (ਇਨਟਾਇਟੀ)** ਨਾਲ ਸਬੰਧ ਔਪਚਾਰਕ, ਦਸਤਾਵੇਜੀਕਰਨ ਹੋਇਆ, ਅਤੇ ਸਧਾਰਨ ਹਾਲਾਤ ਵਿੱਚ ਜਰੂਰ ਬਣਿਆ ਹੋਣਾ ਚਾਹੀਦਾ ਹੈ।
    - ਵਿਦਿਆਰਥੀ ਵੀਜਾ ਅਤੇ ਰੁਜ਼ਗਾਰ ਵੀਜਾ ਕਿਸੇ ਖਾਸ ਵਿਦਿਅਕ ਜਾਂ ਵਪਾਰਕ ਸੰਸਥਾ ਨਾਲ ਸਬੰਧਤ ਹਨ ਜਿਨ੍ਹਾਂ ਨਾਲ ਬਿਨੈਕਾਰ ਦੇ ਔਪਚਾਰਕ, ਦਸਤਾਵੇਜੀਕਰਨ ਹੋਏ ਸਬੰਧ ਹਨ ਜੋ ਸਧਾਰਨ ਹਾਲਾਤਾਂ ਵਿੱਚ ਬਣੇ ਸਨ, ਇਸ ਲਈ ਇਨ੍ਹਾਂ ਛੇ ਨਾਮਿਤ ਦੇਸ਼ਾਂ ਦੇ ਵਿਅਕਤੀ ਜੋ ਇਸ ਤਰ੍ਹਾਂ ਦੇ ਵੀਜਾ ਦੀ ਮੰਗ ਕਰ ਰਹੇ ਹਨ, ਉਨ੍ਹਾਂ 'ਤੇ ਅਜਿਹਾ ਵੀਜਾ ਪ੍ਰਾਪਤ ਕਰਨ 'ਤੇ ਜਾਂ U.S. ਵਿੱਚ ਦਾਖਲ ਹੋਣ 'ਤੇ ਪਾਬੰਦੀ ਨਹੀਂ ਲਗਾਉਣੀ ਚਾਹੀਦੀ ਹੈ।
    - ਯਾਤਰਾ ਪਾਬੰਦੀ ਦੇ ਉਦੇਸ਼ ਤੋਂ ਬੱਚਣ ਲਈ ਇੱਕ ਸੰਸਥਾ ਨਾਲ ਸਬੰਧ ਨਹੀਂ ਬਣ ਸਕਦੇ ਹਨ।
    - ਯਾਤਰਾ ਪਾਬੰਦੀ ਦੇ ਉਦੇਸ਼ ਲਈ ਸ਼ਰਨਾਰਥੀ ਪੁਨਰਵਾਸ ਏਜੰਸੀ ਨਾਲ ਇੱਕ ਸ਼ਰਨਾਰਥੀ ਦੇ ਸਬੰਧ ਇਸ ਵੇਲੇ U.S. ਵਿੱਚ ਇੱਕ ਸੰਸਥਾ ਨਾਲ ਬੋਨਾਫਾਈਡ (ਸਦਭਾਵੀ) ਸਬੰਧ ਦੇ ਰੂਪ ਵਿੱਚ **ਨਹੀਂ** ਪਛਾਣੇ ਜਾ ਰਹੇ ਹਨ। ਵਧੀਕ ਮਾਰਗਦਰਸ਼ਨ ਜਲਦੀ ਹੀ ਜਾਰੀ ਕਰ ਦਿੱਤੇ ਜਾਣ ਦੀ ਉਮੀਦ ਹੈ।
- ਛੇ ਨਾਮਿਤ ਦੇਸ਼ਾਂ ਤੋਂ ਸੈਲਾਨੀ ਜਾਂ ਸੈਲਾਨੀ ਵੀਜਾ ਦੇ ਚਾਹਵਾਨ 'ਤੇ ਪਾਬੰਦੀ ਲਗਾਈ ਜਾ ਸਕਦੀ ਹੈ ਜੇਕਰ ਉਹ U.S. ਵਿੱਚ ਕਿਸੇ ਵਿਅਕਤੀ ਜਾਂ ਸੰਸਥਾ ਨਾਲ ਬੋਨਾਫਾਈਡ (ਸਦਭਾਵੀ) ਸਬੰਧ ਪ੍ਰਦਰਸ਼ਿਤ ਨਾ ਕਰ ਸਕਦੇ ਹੋਏ।
- ਹੇਠ ਦੱਸੇ ਵਿਅਕਤੀਆਂ ਨੂੰ ਯਾਤਰਾ ਪਾਬੰਦੀ ਤੋਂ **ਬਾਹਰ** ਰੱਖਿਆ ਗਿਆ ਹੈ:
    - ਸਥਾਈ ਨਿਵਾਸੀ;
    - ਉਹ ਜਿਨ੍ਹਾਂ ਨੂੰ ਹੁਕਮ ਦੀ ਪ੍ਰਭਾਵੀ ਮਿਤੀ (ਜੂਨ 26, 2017) ਨੂੰ ਜਾਂ ਇਸ ਤੋਂ ਬਾਅਦ U.S. ਵਿੱਚ ਦਾਖਲ ਜਾਂ ਪੈਰੋਲ ਕਰਾਇਆ ਗਿਆ ਹੈ, ਸਮੇਤ ਪੇਸ਼ਗੀ ਪੈਰੋਲ ਮੁਤਾਬਿਕ;
    - ਗੈਰ-ਨਾਮਜ਼ਦ ਦੇਸ਼ਾਂ ਦੇ ਪਾਸਪੋਰਟ 'ਤੇ ਯਾਤਰਾ ਕਰਨ ਵਾਲੇ ਦੋਹਰੀ ਨਾਗਰਿਕਤਾ ਵਾਲੇ;
    - ਕੁਝ ਕੂਟਨੀਤਕ ਵੀਜਾ ਧਾਰਕ;
    - ਸ਼ਰਨ ਪ੍ਰਾਪਤ (ਅਸਾਈਲੀਸ) ਅਤੇ ਸ਼ਰਨਾਰਥੀ ਜਿਨ੍ਹਾਂ ਨੂੰ ਹੁਕਮ ਦੀ ਪ੍ਰਭਾਵੀ ਮਿਤੀ ਤੱਕ ਦਰਜਾ ਦੇ ਦਿੱਤਾ ਗਿਆ ਸੀ;
    - ਜਿਨ੍ਹਾਂ ਨੂੰ ਹਟਾਉਣ 'ਤੇ ਰੋਕ ਦੀ ਮੰਜੂਰੀ ਜਾਂ ਤਸ਼ੱਦਦ ਵਿਰੁੱਧ ਕਨਵੈਨਸ਼ਨ ਵਿੱਚ ਹਿਫਾਜਤ ਦਿੱਤੀ ਗਈ।
- ਜੇਕਰ ਕੋਈ ਵਿਅਕਤੀ ਹੇਠ ਲਿਖੇ ਸਾਰੇ ਤਿੰਨ ਮਾਪਦੰਡ ਪੂਰੇ ਕਰ ਸਕਦਾ ਹੈ ਤਾਂ ਛੋਟ ਪ੍ਰਾਪਤ ਹੋ ਸਕਦੀ ਹੈ:
    - ਦਾਖਲੇ ਦੀ ਮਨਾਹੀ ਨਾਲ ਅਨੁਚਿਤ ਮੁਸ਼ਕਿਲਾਂ ਪੈਦਾ ਹੋ ਸਕਦੀਆਂ ਹਨ;
        - ਇਸ ਸੰਦਰਭ ਵਿੱਚ ਮੁਸ਼ਕਿਲ ਦੀ ਵਿਆਖਿਆ ਨਹੀਂ ਕੀਤੀ ਗਈ ਹੈ।
    - ਸੰਸਥਾ ਰਾਸ਼ਟ੍ਰੀ ਸੁਰੱਖਿਆ ਲਈ ਖਤਰਾ ਪੈਦਾ ਨਹੀਂ ਕਰੇਗੀ; ਅਤੇ
    - ਸੰਸਥਾ ਜਨਹਿੱਤ ਵਿੱਚ ਹੋਵੇਗੀ।

**ਯਾਤਰਾ ਪਾਬੰਦੀ ਖੁੱਦ ਕੀ ਕਹਿੰਦੀ ਹੈ**?

ਹੋਰ ਗੱਲਾਂ ਤੋਂ ਇਲਾਵਾ ਮਾਰਚ 6, 2017 ਦਾ ਹੁਕਮ ਸੰਘੀ ਸਰਕਾਰ ਨੂੰ ਨਿਰਦੇਸ਼ ਦਿੰਦਾ ਹੈ ਕਿ:

- ਇਰਾਨ, ਲੀਬਿਆ, ਸੋਮਾਲਿਆ, ਸੁਡਾਨ, ਸੀਰਿਆ ਅਤੇ ਯਮਨ ਦੇ ਸਾਰੇ ਨਾਗਰਿਕ, ਜੋ ਹੁਕਮ ਦੀ ਪ੍ਰਭਾਵੀ ਮਿਤੀ (ਹੁਣ ਜੂਨ 26, 2017) ਨੂੰ, U.S. ਤੋਂ ਬਾਹਰ ਹਨ, ਜਿਨ੍ਹਾਂ ਕੋਲ ਜਨਵਰੀ 27, 2017 ਨੂੰ 5:00 ਸ਼ਾਮ EST ਤੱਕ ਵੈਧ ਵੀਜਾ ਨਹੀਂ ਸੀ, ਅਤੇ ਜਿਨ੍ਹਾਂ ਕੋਲ ਹੁਕਮ ਦੀ ਪ੍ਰਭਾਵੀ ਮਿਤੀ ਤੱਕ ਵੈਧ ਵੀਜਾ ਨਹੀਂ ਹੈ(ਹੁਣ ਜੂਨ 29, 2017 ਨੂੰ 8:00 ਸ਼ਾਮ EDT),  ਉਨ੍ਹਾਂ ਦਾ ਦਾਖਲਾ 90 ਦਿਨਾਂ ਲਈ ਬੰਦ ਕਰ ਦਿਓ।
    - ਇਰਾਕ ਹੁਣ ਹੋਰ ਪਾਬੰਦੀ ਸੂਚੀ ਵਿੱਚ ਨਹੀਂ ਹੈ।
    - ਸਥਾਈ ਨਿਵਾਸੀਆਂ 'ਤੇ ਪਾਬੰਦੀ ਲਾਗੂ ਨਾ ਕਰੋ, ਜੋ ਹੁਕਮ ਦੀ ਪ੍ਰਭਾਵੀ ਮਿਤੀ ਨੂੰ ਜਾਂ ਉਸ ਤੋਂ ਬਾਅਦ ਦਾਖਲ ਜਾਂ ਪੈਰੋਲ ਕੀਤੇ

ਗਏ ਹਨ, ਸਮੇਤ ਪੇਸ਼ਗੀ ਪੈਰੋਲ ਮੁਤਾਬਿਕ; ਗੈਰ-ਨਾਮਿਤ ਦੇਸ਼ਾਂ ਦੇ ਪਾਸਪੋਰਟਾਂ 'ਤੇ ਯਾਤਰਾ ਕਰਨ ਵਾਲੇ ਦੋਹਰੀ ਨਾਗਰਿਕਤਾ ਵਾਲੇ, ਕੁਝ ਕੂਟਨੀਤਕ ਵੀਜਾ ਧਾਰਕ, ਸ਼ਰਨ ਪ੍ਰਾਪਤ (ਅਸਾਈਲੀਸ), ਸ਼ਰਨਾਰਥੀ ਜਿਨ੍ਹਾਂ ਨੂੰ ਹਟਾਉਣ 'ਤੇ ਰੋਕ ਦੀ ਮੰਜੂਰੀ ਜਾਂ ਤਸ਼ੱਦਦ ਵਿਰੁੱਧ ਕਨਵੈਨਸ਼ਨ ਵਿੱਚ ਹਿਫਾਜਤ ਦਿੱਤੀ ਗਈ ਹੈ।

- ਯਾਤਰਾ ਪਾਬੰਦੀ 'ਤੇ ਛੋਟ ਦੀ ਇਜਾਜਤ ਮਾਮਲੇ-ਤੋਂ-ਮਾਮਲੇ ਦੇ ਆਧਾਰ "ਤੇ ਵੱਖ-ਵੱਖ ਮਾਪਦੰਡਾਂ ਮੁਤਾਬਕ ਦਿਓ।
- ਯਾਤਰਾ ਪਾਬੰਦੀ ਇਰਾਕੀ ਨਾਗਰਿਕਾਂ 'ਤੇ ਲਾਗੂ ਨਾ ਕਰੋ, ਜੋ ਇਸ ਦੀ ਬਜਾਏ ਪੂਰਨ ਸਮੀਖਿਆ ਅਧੀਨ ਹੋਣਗੇ।
- ਸਾਰਿਆਂ ਸ਼ਰਨਾਰਥੀਆਂ ਦਾ ਦਾਖਲਾ ਘੱਟੋ-ਘੱਟ 120 ਦਿਨਾਂ ਲਈ ਬੰਦ ਕਰ ਦੋ।
    - ਉਨ੍ਹਾਂ ਸ਼ਰਨਾਰਥੀਆਂ 'ਤੇ ਲਾਗੂ ਨਹੀਂ ਹੁੰਦਾ ਜੋ ਹੁਕਮ ਦੀ ਪ੍ਰਭਾਵੀ ਮਿਤੀ ਤੋਂ ਪਹਿਲਾਂ, ਹੁਣ ਜੂਨ 29, 2017, 8:00 ਸ਼ਾਮ EDT ਤੱਕ ਪਾਰ ਕਰਨ (ਟ੍ਰਾਂਜਿਟ) ਲਈ ਔਪਚਾਰਕ ਰੂਪ ਵਿੱਚ ਨਿਯਤ ਹਨ।
- ਸ਼ਰਨਾਰਥੀ ਪਾਬੰਦੀ 'ਤੇ ਅਪਵਾਦ ਮਾਮਲੇ-ਤੋਂ-ਮਾਮਲੇ ਆਧਾਰ 'ਤੇ ਕੀਤਾ ਜਾ ਸਕਦਾ ਹੈ।
- ਵਿੱਤੀ ਸਾਲ 2017 ਲਈ ਸ਼ਰਨਾਰਥੀਆਂ ਦਾ ਦਾਖਲਾ ਰਾਸ਼ਟਰਪਤੀ ਓਬਾਮਾ ਦੇ ਟੀਚੇ 110,000 ਤੋਂ ਘਟਾ ਕੇ 50,000 ਕਰ ਦਿੱਤਾ ਜਾਵੇ।
- ਬਾਇਓਮੈਟਰਿਕ ਐਂਟਰੀ-ਐਗਜਿਟ ਪ੍ਰਣਾਲੀ ਨੂੰ ਪੂਰਾ ਕਰਨ ਨੂੰ ਤੇਜ ਕਰੋ।
- ਵੀਜਾ ਇੰਟਰਵਿਊ ਛੋਟ ਪ੍ਰੋਗਰਾਮ (Interview Waiver Programme) ਨੂੰ ਮੁਅੱਤਲ ਕਰੋ, ਅਤੇ ਸਾਰੇ ਵੀਜਾ ਬਿਨੈਕਾਰਾਂ ਲਈ ਇੰਟਰਵਿਊ ਵਿੱਚ ਹਾਜਰ ਹੋਣਾ ਲੋੜੀਂਦਾ ਕਰੋ, ਜਦੋਂ ਤੱਕ ਕਿ ਕਾਨੂੰਨ ਦੁਆਰਾ ਅਜਿਹਾ ਕਰਨਾ ਲੋੜੀਂਦਾ ਨਾ ਹੋਵੇ।
    - ਇਹ ਵੀਜਾ ਛੋਟ ਪ੍ਰੋਗਰਾਮ (Visa Waiver Program) ਨੂੰ ਪ੍ਰਭਾਵਤ ਨਹੀਂ ਕਰੇਗਾ, ਜੋ ਸੈਲਾਨੀ ਵੀਜਾ ਪ੍ਰਾਪਤ ਕਰਨ ਦੀਆਂ ਲੋੜਾਂ ਵਿੱਚ ਛੋਟ ਦਿੰਦਾ ਹੈ।
- ਅੱਤਵਾਦ ਨਾਲ ਸੰਬੰਧਤ ਅਸਵੀਕਾਰਤਾ ਆਧਾਰਾਂ ਦੀਆਂ ਸਾਰੀਆਂ ਛੋਟਾਂ ਨੂੰ ਖਤਮ ਕਰਨ 'ਤੇ ਵਿਚਾਰ ਕਰੋ, ਚਾਹੇ ਇਸ ਗੱਲ ਦੀ ਪ੍ਰਵਾਹ ਕੀਤੇ ਬਗੈਰ ਕਿ ਕਥਿਤ "ਅੱਤਵਾਦੀ ਸੰਗਠਨ" ਦੀ ਵਿਅਕਤੀਗਤ ਸਮਰਥਨ ਕਿੰਨਾਂ ਮਾਮੂਲੀ ਜਾਂ ਅਸਾਰਥਕ ਹੈ।

**ਜੇਕਰ ਤੁਹਾਡੇ ਕੋਈ ਸਵਾਲ ਹਨ ਜਾਂ ਸਹਾਇਤਾ ਦੀ ਲੋੜ ਹੈ, ਤਾਂ ਕਿਰਪਾ ਕਰਕੇ ਸਾਡੀ ਇਮੀਗ੍ਰੇਸ਼ਨ ਹੌਟਲਾਈਨ 844-955-3425 'ਤੇ ਕਾਲ ਕਰੋ।**